ਨਿਊਜ਼ ਰਿਲੀਜ਼

# ਕਮਿਊਨਿਟੀ ਫਿਜ਼ੀਸ਼ੀਅਨ ਜਲਦੀ ਹੀ ਵੈਕਸੀਨ ਲਗਾਉਣ ਲੱਗਣਗੇ

16 मारच 2021

---

## ਕਮਿਊਨਿਟੀ ਫਿਜ਼ੀਸ਼ੀਅਨ ਜਲਦੀ ਹੀ ਕੋਵਿਡ-19 ਵੈਕਸੀਨ ਲਗਾਉਣੇ ਸ਼ੁਰੂ ਕਰਨਗੇ, ਜਿਸ ਨਾਲ ਵਧੇਰੇ ਐਲਬਰਟਾ ਨਿਵਾਸੀਆਂ ਨੂੰ ਜਿੰਨੀ ਜਲਦੀ ਤੋਂ ਜਲਦੀ ਸੰਭਵ ਹੋਇਆ ਆਪਣੀ ਵੈਕਸੀਨ ਖੁਰਾਕ ਲੈ ਸਕਣ 'ਚ ਮਦਦ ਮਿਲੇਗੀ।

ਐਲਬਰਟਾ ਹੈਲਥ, ਐਲਬਰਟਾ ਮੈਡੀਕਲ ਐਸੋਸੀਏਸ਼ਨ (AMA) ਨਾਲ ਕਮਿਊਨਿਟੀ ਫਿਜ਼ੀਸ਼ੀਅਨਾਂ ਨੂੰ ਵੈਕਸੀਨ ਲਗਾਉਣ ਦੀ ਯੋਜਨਾਂ 'ਚ ਸ਼ਾਮਲ ਕਰਨ ਲਈ ਗੱਲਬਾਤ ਕਰਦੀ ਆ ਰਹੀ ਹੈ, ਕਿਉਂਕਿ ਵੈਕਸੀਨ ਦੀ ਸਪਲਾਈ ਵਧਦੀ ਜਾਂਦੀ ਹੈ।

ਇਸ ਦੇ ਨਤੀਜੇ ਵਜੋਂ 500 ਤੋਂ ਵਧੇਰੇ ਐਲਬਰਟਾ ਫਿਜ਼ੀਸ਼ੀਅਨਾਂ ਅਤੇ ਆਜ਼ਾਦ ਕਲੀਨਿਕਾਂ ਵੱਲੋਂ ਦਿਲਚਸਪੀ ਵਿਖਾਈ ਗਈ ਹੈ। ਇਕੱਠਿਆਂ ਮਿਲਾ ਕੇ 185 ਫਿਜ਼ੀਸ਼ੀਅਨ ਕਲਿਨਿਕਾਂ, ਜਿੰਨ੍ਹਾਂ 'ਚ 1,100 ਫਿਜ਼ੀਸ਼ੀਅਨ ਹਨ, ਅੰਦਾਜ਼ਨ 14,000 ਰੋਜ਼ਾਨਾਂ ਵੈਕਸੀਨ ਖੁਰਾਕਾਂ ਲਗਾਉਣ ਦੀ ਵਧੀਕ ਸਮਰੱਥਾ ਪੈਦਾ ਕਰਨਗੀਆਂ, ਜਿਵੇਂ ਸਪਲਾਈ ਇਜਾਜ਼ਤ ਦਿੰਦੀ ਹੈ। ਕੁਝ ਫਿਜ਼ੀਸ਼ੀਅਨ ਵੈਕਸੀਨ ਲਗਾਉਣ 'ਚ ਪਹਿਲਾਂ ਹੀ ਐਲਬਰਟਾ ਹੈਲਥ ਸਰਵਿਸਿਜ਼ (AHS) ਦੀ ਮਦਦ ਕਰ ਰਹੇ ਹਨ।

ਪਹਿਲੇ ਕਮਿਊਨਿਟੀ ਫਿਜ਼ੀਸ਼ੀਅਨਾਂ ਵੱਲੋਂ ਆਪਣੀਆਂ ਕਲੀਨਿਕਾਂ ਵਿਚ ਅਪਰੈਲ 'ਚ ਵੈਕਸੀਨ ਲਗਾਉਣੇ ਸ਼ੁਰੂ ਕਰਨ ਦੀ ਆਸ ਕੀਤੀ ਜਾਂਦੀ ਹੈ। ਮੈਡੀਕਲ ਬੈਨੇਫਿਟਾਂ ਦੀ ਅਨੁਸੂਚੀ ਵਿਚ ਬਿੱਲ ਕਰਨ ਦੇ ਨਵੇਂ ਅਸਥਾਈ ਕੋਡ ਸ਼ਾਮਲ ਕੀਤੇ ਜਾ ਰਹੇ ਹਨ, ਤਾਂ ਕਿ ਫਿਜ਼ੀਸ਼ੀਅਨ ਇਸ ਸੇਵਾ ਵਾਸਤੇ ਬਿੱਲ ਭੇਜ ਸਕਣ। ਆਉਂਦਿਆਂ ਦਿਨਾਂ 'ਚ ਇਸ ਦੇ ਵਿਸਥਾਰਾਂ ਬਾਰੇ ਦੱਸਦਾ ਇਕ ਮੈਡੀਕਲ ਬੁਲੇਟਿਨ ਜਾਰੀ ਕੀਤਾ ਜਾਵੇਗਾ।

ਰੈਪਿਡ ਫਲੋ ਕਲਿਨਿਕਾਂ ਲਈ ਯੋਜਨਾਂਬੰਦੀ ਚੱਲ ਰਹੀ ਹੈ, ਜਿੰਨ੍ਹਾਂ 'ਚ ਫਿਜ਼ੀਸ਼ੀਅਨਾਂ ਅਤੇ ਹੋਰ ਹੈਲਥ-ਕੇਅਰ ਪ੍ਰੋਫੈਸ਼ਨਲਾਂ ਨੂੰ, ਜੇਕਰ ਜ਼ਰੂਰਤ ਪਵੇ ਤਾਂ, ਭਵਿੱਖ ਵਿਚ ਵਰਤਣ ਵਾਸਤੇ ਸ਼ਾਮਲ ਕੀਤਾ ਜਾਵੇਗਾ। ਇਹ ਕਲਿਨਿਕਾਂ ਤਾਂ ਹੀ ਵਰਤੋਂ 'ਚ ਲਿਆਂਦੀਆਂ ਜਾਣਗੀਆਂ ਜੇਕਰ ਐਲਬਰਟਾ ਨੂੰ ਵੈਕਸੀਨ ਸਪਲਾਈ 'ਚ ਇਕ ਅਚਾਨਕ ਵਾਧਾ ਪ੍ਰਾਪਤ ਹੁੰਦਾ ਹੈ।

ਅੱਜ ਦੀ ਤਰੀਕ ਤੱਕ, ਐਲਬਰਟਾ 'ਚ ਕੋਵਿਡ-19 ਵੈਕਸੀਨ ਦੀਆਂ 368,000 ਖੁਰਾਕਾਂ ਲਗਾਈਆਂ ਜਾ ਚੁੱਕੀਆਂ ਹਨ, ਜਿੰਨ੍ਹਾਂ 'ਚੋਂ 91,000 ਤੋਂ ਵਧੇਰੇ ਲੋਕਾਂ ਦਾ ਦੋਹਾਂ ਖੁਰਾਕਾਂ ਨਾਲ ਪੂਰਨ ਟੀਕਾਕਰਨ ਹੋ ਚੁੱਕਿਆ ਹੈ।

### ਫੌਰੀ ਤੱਥ

- ਐਲਬਰਟਾ 'ਚ ਤਕਰੀਬਨ 56,000 ਫੈਮਿਲੀ ਫਿਜ਼ੀਸ਼ੀਅਨ ਹਨ

- ਐਲਬਰਟਾ ਹੈਲਥ ਅਤੇ ਏ ਐੱਮ ਏ ਇਹ ਯਕੀਨੀ ਬਣਾਉਣ 'ਚ ਮਦਦ ਕਰਨ ਲਈ ਇਕੱਠਿਆਂ ਮਿਲਕੇ ਕੰਮ ਕਰ ਰਹੇ ਹਨ ਕਿ ਵੈਕਸੀਨ ਦੀ ਸਪਲਾਈ ਦਾ ਪ੍ਰਭਾਵਸ਼ਾਲੀ ਅਤੇ ਕੁਸ਼ਲ ਢੰਗ ਨਾਲ ਉਪਯੋਗ ਹੋਵੇ ਅਤੇ ਐਲਬਰਟਾ ਨਿਵਾਸੀਆਂ ਨੂੰ ਵੈਕਸੀਨ ਸਬੰਧੀ ਆਪਣੇ ਫੈਸਲਿਆਂ ਬਾਰੇ ਸੂਚਿਤ ਹੋਣ ਲਈ ਭਰੋਸੇਯੋਗ ਸਰੋਤਾਂ ਦੀ ਜਾਣਕਾਰੀ ਤੱਕ ਪਹੁੰਚ ਹੋਵੇ।

## ਸਬੰਧਤ ਜਾਣਕਾਰੀ

- COVID-19 info for Albertans
- COVID-19 Self-Assessment Tool

## ਮੀਡੀਆ ਇਨਕੁਆਰੀਆਂ

ਸਟੀਵ ਬੁਇਕ

780-288-1735
ਪ੍ਰੈਸ ਸੈਕਟਰੀ, ਸਿਹਤ

Shan Rupnarain
ਏਈਡੀ ਜਨਤਕ ਮਾਮਲੇ, AMA

*ਸਰਕਾਰ ਦੇ ਹੋਰ ਅਨੁਵਾਦਤ ਸਰੋਤਾਂ ਲਈ ਕਿਰਪਾ ਕਰਕੇ ਵੇਖੋ :https://www.alberta.ca/covid-19-translated-resources.aspx*